ਇਨਵੇਸਟਰ ਦੇਖ-ਰੇਖ ਕਰਦਾ ਹੈ: ਪ੍ਰਾਈਵੇਟ ਕੰਪਨੀਆਂ ਵਿੱਚ ਇਨਵੇਸਮੇਂਟ ਕਰਦੇ ਹੋਏ

5 ਜੂਨ, 2008

ਇਕ ਪ੍ਰਾਈਵੇਟ ਕੰਪਨੀ ਵਿੱਚ ਇਨਵੇਸਮੇਂਟ ਕੀ ਹੁੰਦਾ ਹੈ?

ਜੇ ਤੁਸੀਂ ਪ੍ਰਾਈਵੇਟ ਕੰਪਨੀਆਂ ਅਤੇ ਲਿਮਿਟੇਡ ਸਾਝੇਦਾਰੀਆਂ ਸਮੇਤ ਇਕ ਵਪਾਰ ਵਿੱਚ ਇਨਵੇਸਮੇਂਟ ਕਰਦੇ ਹੋ, ਜਿਸ ਨੂੰ ਕਾਮਯਾਬ ਬਣਾਉਣ ਲਈ ਇਹ ਹੋਰਾਂ ਤੇ ਨਿਰਭਰ ਕਰਦਾ ਹੈ, ਤੁਸੀਂ ਇਕ ਅਜਿਹੀ ਸਿਕਯੂਰਿਟੀ ਖਰੀਦ ਰਹੇ ਹੋ - ਜਿਸ ਨੂੰ ਆਮ ਤੌਰ ਤੇ ਸ਼ੇਅਰ ਜਾਂ ਸਟਾੱਕ ਵਜੋਂ ਹਵਾਲਾ ਦਿੱਤਾ ਜਾਂਦਾ ਹੈ।

ਪ੍ਰਾਈਵੇਟ ਕੰਪਨੀਆਂ ਦੀਆਂ ਸਿਕਯੂਰਿਟੀਜ਼ ਦਾ ਵਪਾਰ ਇਕ ਨਿਯੰਤ੍ਰਿਤ ਸਟਾੱਕ ਏਕਸਚੇਂਜ ਜਾਂ ਕੋਟੇਸ਼ਨ ਸਰਵਿਸ ਤੇ ਨਹੀਂ ਹੁੰਦਾ। ਇਕ ਦੋਸਤ ਜਾਂ ਪਰਿਵਾਰ ਦੇ ਸਦੱਸ ਦੇ ਵਪਾਰ ਵਿੱਚ ਇਨਵੇਸਮੇਂਟ ਕਰਨਾ ਨਿਜੀ ਵਪਾਰ ਵਿੱਚ ਇਨਵੇਸਮੇਂਟ ਕਰਨ ਦੀ ਇਕ ਮਿਸਾਲ ਹੁੰਦੀ ਹੈ।

ਮੈਨੂੰ ਪ੍ਰਾਈਵੇਟ ਕੰਪਨੀਆਂ ਵਿੱਚ ਇਨਵੇਸਮੇਂਟ ਕਰਨ ਬਾਰੇ ਕੀ ਜਾਣਕਾਰੀ ਪ੍ਰਾਪਤ ਕਰਨੀ ਚਾਹੀਦੀ ਹੈ?

1. ਪ੍ਰਾਈਵੇਟ ਕੰਪਨੀਆਂ ਪ੍ਰੋਸਪੈਕਟਸ ਫ਼ਾਇਲ ਤੋਂ ਬਿਨਾਂ ਸਿਰਯੂਰਿਟੀਜ਼ ਵੇਚਦੀਆਂ ਹਨ- ਇਕ ਪ੍ਰੋਸਪੈਕਟਸ ਨਿਵੇਸ਼ਕਾਂ ਨੂੰ ਇਨਵੇਸਮੇਂਟ ਬਾਰੇ ਜਰੂਰੀ ਜਾਣਕਾਰੀ ਪ੍ਰਦਾਨ ਕਰਦਾ ਹੈ। ਇਸ ਤੋਂ ਬਿਨਾਂ, ਇਨਵੇਸਟਰ ਲਈ ਇਨਵੇਸਮੇਂਟ ਅਤੇ ਵਪਾਰ ਦੇ ਜੋਖਮਾਂ ਦਾ ਨਿਰਧਾਰਨ ਕਰਨਾ ਜ਼ਿਆਦਾ ਔਖਾ ਹੁੰਦਾ ਹੈ।
2. ਪ੍ਰਾਈਵੇਟ ਕੰਪਨੀਆਂ ਇਨਵੇਸਟਰਾਂ ਨੂੰ ਘੱਟ ਖੁਲਾਸੇ ਪ੍ਰਦਾਨ ਕਰਦੀਆਂ ਹਨ - ਪ੍ਰਾਈਵੇਟ ਕੰਪਨੀਆਂ ਵਿੱਚ ਇਨਵੇਸਮੇਂਟ ਕਰਨ ਨਾਲ ਤੁਹਾਨੂੰ ਲਗਾਤਾਰ ਖੁਲਾਸੇ (ਜਿਵੇਂ ਕਿ ਫਾਈਨੈਂਸ਼ਲ ਸਟੇਟਮੈਂਟਸ, ਪ੍ਰੈਸ ਰੀਲੀਜ਼ ਜਾਂ ਸਮੱਗਰੀ ਵਿੱਚ ਤਬਦੀਲੀ ਦੀਆਂ ਸੂਚਨਾਵਾਂ) ਦੇ ਸਮਾਨ ਪੱਧਰ ਤੱਕ ਪਹੁੰਚ ਨਹੀਂ ਹੋਵੇਗੀ ਜੋ ਤੁਸੀਂ ਉਦੋਂ ਪ੍ਰਾਪਤ ਕਰਦੇ ਹੋ ਜੇ ਤੁਸੀਂ ਨਿਯੰਤ੍ਰਿਤ ਸਟਾੱਕ ਐਕਸਚੇਂਜ ਤੇ ਵਪਾਰ ਕਰ ਰਹੀਆਂ ਪਬਲਿਕ ਕੰਪਨੀਆਂ ਵਿੱਚ ਇਨਵੇਸਮੇਂਟ ਕੀਤਾ ਹੈ।
3. ਪ੍ਰਾਈਵੇਟ ਕੰਪਨੀਆਂ ਇਨਵੇਸਟਰਾਂ ਨੂੰ ਆਪਣੇ ਸ਼ੇਅਰ ਪ੍ਰਤੱਖ ਤੌਰ ਤੇ ਵੇਚ ਸਕਦੀਆਂ ਹਨ - ਇਸ ਦਾ ਮਤਲਬ ਹੈ ਕਿ ਤੁਸੀਂ ਇਨਵੇਸਟਮੇਂਟ ਸਲਾਹ ਪ੍ਰਾਪਤ ਨਹੀਂ ਕਰੋਗੇ ਜੋ ਤੁਸੀਂ ਉਦੋਂ ਪ੍ਰਾਪਤ ਕਰਦੇ ਜੇ ਤੁਸੀਂ ਇਕ ਰਜਿਸਟਰਡ ਪੂਰੀ ਸੇਵਾ ਦੇ ਡੀਲਰ ਜਾਂ ਸਲਾਹਕਾਰ ਤੋਂ ਸਿਕਯੂਰਿਟੀਜ਼ ਖਰੀਦੀਆਂ ਹੁੰਦੀਆਂ।
4. ਪ੍ਰਾਈਵੇਟ ਕੰਪਨੀ ਦੀਆਂ ਸਿਕਯੂਰਿਟੀਜ਼ ਨੂੰ ਮੁੜ ਵੇਚਣਾ ਔਖਾ ਹੁੰਦਾ ਹੈ - ਪ੍ਰਾਈਵੇਟ ਕੰਪਨੀ ਦੀਆਂ ਸਿਕਯੂਰਿਟੀਜ਼ ਨੂੰ ਮੁੜ ਵੇਚਣ ਲਈ ਪਾਬੰਦੀਆਂ ਜੁੜੀਆਂ ਹੁੰਦੀਆਂ ਹਨ। ਹੋ ਸਕਦਾ ਹੈ ਤੁਸੀਂ ਆਪਣੀ ਇਨਵੇਸਮੇਂਟ ਨੂੰ ਨਕਦ ਨਾ ਕਰ ਪਾਓ ਜਦੋਂ ਤੁਸੀਂ ਚਾਹੁੰਦੇ ਹੋ ਜਾਂ ਪੈਸੇ ਦੀ ਲੋੜ ਹੁੰਦੀ ਹੈ।

ਇਸ ਤੋਂ ਪਹਿਲਾਂ ਕਿ ਤੁਸੀਂ ਇਨਵੇਸਮੇਂਟ ਕਰੋ, ਇਕ ਸੂਚਿਤ ਇਨਵੇਸਮੇਂਟ ਨਿਰਣਾ ਲੈਣ ਲਈ ਇਨਵੇਸਮੇਂਟ ਅਤੇ ਵਪਾਰ ਜੋਖਮਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ।

ਪ੍ਰਾਈਵੇਟ ਕੰਪਨੀਆਂ ਪ੍ਰੋਸਪੈਕਟਸ ਭਰਣ ਤੋਂ ਬਿਨਾਂ ਸਿਕਯੂਰਿਟੀਜ਼ ਵੇਚਦੀਆਂ ਹਨ।

ਸਿਕਯੂਰਿਟੀਜ਼ ਵੇਚ ਰਹੀਆਂ ਪ੍ਰਾਈਵੇਟ ਕੰਪਨੀਆਂ ਨੂੰ ਆਮ ਤੌਰ ਤੇ ਸਿਕਯੂਰਿਟੀਜ਼ ਰੇਗੂਲੇਟਰ (ਬ੍ਰਿਟਿਸ਼ ਕੋਲੰਬਿਆ ਸਿਕਯੂਰਿਟੀਜ਼ ਕਮੀਸ਼ਨ (BCSC) ਖੇਤਰ ਦਾ ਨਿਯੰਤ੍ਰਕ ਹੁੰਦਾ ਹੈ) ਨਾਲ ਪ੍ਰੋਸਪੈਕਟਸ ਫ਼ਾਇਲ ਕਰਨ ਦੀ ਲੋੜ ਨਹੀਂ ਹੁੰਦੀ।

ਇਕ ਪ੍ਰੋਸਪੈਕਟਸ ਇਕ ਦਸਤਾਵੇਜ਼ ਹੁੰਦਾ ਹੈ ਜੋ ਇਕ ਕੰਪਨੀ BCSC ਨਾਲ ਫ਼ਾਇਲ ਕਰਦੀ ਹੈ ਇਸ ਤੋਂ ਪਹਿਲਾਂ ਕਿ ਇਹ ਪਬਲਿਕ ਨੂੰ ਸਿਕਯੂਰਿਟੀਜ਼ ਵੇਚ ਸਕੇ ਜਾਂ ਸਟਾੱਕ ਐਕਸਚੇਂਜ ਤੇ ਵਪਾਰ ਕਰ ਸਕੇ। ਇਹ ਇਨਵੇਸਟਰਾਂ ਨੂੰ ਇਨਵੇਸਮੇਂਟ ਮੌਕਿਆਂ ਅਤੇ ਆਪਣੇ ਬੁਨਿਆਦੀ ਵਪਾਰ ਬਾਰੇ ਪਦਾਰਥਕ ਤੱਥ ਅਤੇ ਵਿੱਤੀ ਜਾਣਕਾਰੀ ਪ੍ਰਦਾਨ ਕਰਦਾ ਹੈ।

BCSC ਸਿਕਯੂਰਿਟੀਜ਼ ਐਕਟ ਦਾ ਪ੍ਰਬੰਧ ਕਰਦੀ ਹੈ। ਇਸ *ਐਕਟ* ਦੇ ਤਹਿਤ, B.C. ਵਸਨੀਕਾਂ ਨੂੰ ਸਿਕਯੂਰਿਟੀਜ਼ ਦੀ ਪੇਸ਼ਕਸ਼ ਕਰ ਰਹੀਆਂ ਕੰਪਨੀਆਂ ਜਾਂ ਵਪਾਰਾਂ ਨੂੰ ਲਾਜ਼ਮੀ ਤੌਰ ਤੇ ਖਰੀਦਾਰ ਨੂੰ ਪ੍ਰੋਸਪੈਕਟਸ ਪ੍ਰਦਾਨ ਕਰਨਾ ਚਾਹੀਦਾ ਹੈ ਜਾਂ ਇਕ ਛੂਟ ਤੇ ਭਰੋਸਾ ਕਰਨਾ ਚਾਹੀਦਾ ਹੈ। ਇਕ ਪ੍ਰੋਸਪੈਕਟਸ ਨੂੰ ਫ਼ਾਇਲ ਕਰਨ ਤੋਂ ਬਹੁਤ ਸਾਰੀਆਂ ਛੁੱਟਾਂ ਹੁੰਦੀਆਂ ਹਨ। ਕੰਪਨੀਆਂ ਨੂੰ ਲਾਜ਼ਮੀ ਤੌਰ ਤੇ ਇਕ ਛੂਟ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਇਸ ਤੇ ਭਰੋਸਾ ਕਰ ਸਕੇ।

ਕੁਝ ਪ੍ਰਾਈਵੇਟ ਕੰਪਨੀਆਂ, ਜਿਨ੍ਹਾਂ ਨੂੰ ਸਿਕਯੂਰਿਟੀਜ਼ ਰੇਗੂਲੇਟਰਜ਼ ਰਾਹੀਂ ਸੂਚਨਾ ਨਾ ਦੇਣ ਵਾਲੇ ਜਾਰੀਕਰਤਾਵਾਂ ਵਜੋਂ ਹਵਾਲਾ ਦਿੱਤਾ ਜਾਂਦਾ ਹੈ, ਉਹ ਆਪਣੀਆਂ ਸਿਕਯੂਰਿਟੀਜ਼ ਨੂੰ ਇੱਕ ਆਫ਼ਰਿੰਗ ਮੈਮੋਰੇਂਡਮ (OM) ਦੇ ਤਹਿਤ ਪੇਸ਼ ਕਰਦੇ ਹਨ। ਇੱਕ OM ਨੂੰ ਕੁਝ ਖਾਸ ਖੁਲਾਸਾ ਜ਼ਰੂਰਤਾਂ ਪੂਰੀਆਂ ਕਰਨੀਆਂ ਲਾਜ਼ਮੀ ਹੁੰਦੀਆਂ ਹਨ, ਅਤੇ ਕੰਪਨੀ ਨੂੰ ਇਹ ਲਾਜ਼ਮੀ ਤੌਰ ਤੇ BCSC ਨਾਲ ਫ਼ਾਇਲ ਕਰਨਾ ਚਾਹੀਦਾ ਹੈ। ਇਕ OM ਇਨਵੇਸਟਰਾਂ ਨੂੰ ਪ੍ਰੋਸਪੈਕਟਸ ਵਾਂਗ ਖੁਲਾਸੇ ਦਾ ਸਮਾਨ ਪੱਧਰ ਪ੍ਰਦਾਨ ਨਹੀਂ ਕਰਦਾ ਅਤੇ ਇਸ ਤੋਂ ਪਹਿਲਾਂ ਕਿ ਕੰਪਨੀ ਸਿਕਯੂਰਿਟੀਜ਼ ਵੇਚਣ ਲਈ ਇਸ ਨੂੰ ਵਰਤ ਸਕੇ, BCSC ਦਾ ਸਟਾਫ ਇੱਕ OM ਦੀ ਪੜਚੋਲ ਨਹੀਂ ਕਰਦਾ। ਇਨਵੇਸਟਮੇਂਟ ਕਰਨ ਤੋਂ ਪਹਿਲਾਂ, ਤੁਸੀਂ ਇੱਕ ਯੋਗਤਾ ਪ੍ਰਾਪਤ ਸਲਾਹਕਾਰ - ਇੱਕ ਵਕੀਲ, ਇੱਕ ਲੇਖਾਕਾਰ ਜਾਂ *ਐਕਟ* ਦੇ ਤਹਿਤ ਰਜਿਸਟਰਡ ਕਿਸੇ ਵਿਅਕਤੀ ਦੀ ਸਹਾਇਤਾ ਪ੍ਰਾਪਤ ਕਰ ਸਕਦੇ ਹੋ ਜੋ ਕਿ OM ਦੀ ਪੜਚੋਲ ਕਰ ਸਕੇ।

ਪ੍ਰਾਈਵੇਟ ਕੰਪਨੀਆਂ ਇਨਵੇਸਟਰਾਂ ਨੂੰ ਘੱਟ ਖੁਲਾਸੇ ਪ੍ਰਦਾਨ ਕਰਦੀਆਂ ਹਨ।

ਇਸ ਤੋਂ ਪਹਿਲਾਂ ਕਿ ਤੁਸੀਂ ਇੱਕ ਪ੍ਰਾਈਵੇਟ ਕੰਪਨੀ ਵਿੱਚ ਸ਼ੇਅਰ ਖਰੀਦੋ, ਸੁਚੇਤ ਰਹੋ ਕਿ:

- ਤੁਹਾਡੇ ਕੋਲ ਇਕ ਖਰੀਦਾਰ ਵਜੋਂ ਸਮਾਨ ਕਨੂੰਨੀ ਹੱਕ (ਜਿਵੇਂ ਕਿ ਨੁਮਾਇੰਦਗੀ ਲਈ ਮੁਕੱਦਮਾ ਚਲਾਉਣ ਦਾ ਹੱਕ) ਨਹੀਂ ਹੋ ਸਕਦੇ ਜੋ ਤੁਹਾਡੇ ਕੋਲ ਇਕ ਪ੍ਰੋਸਪੈਕਟਸ ਤਹਿਤ ਹੁੰਦੇ ਹਨ।
- ਤੁਹਾਡੇ ਸ਼ੇਅਰਹੋਲਡਰ ਹੱਕ ਅਤੇ ਉਪਰਾਲੇ ਬਿਜ਼ਨਸ ਕਾਰਪੋਰੇਸ਼ਨ ਐਕਟ ਵਿੱਚ ਸ਼ਾਮਲ ਹੁੰਦੇ ਹਨ।
- ਹੋ ਸਕਦਾ ਹੈ ਤੁਹਾਨੂੰ ਕਨੂੰਨ ਰਾਹੀਂ ਪ੍ਰਵਾਣਿਤ ਖੁਲਾਸਾ ਨਾ ਮਿਲੇ।
- ਹੋ ਸਕਦਾ ਹੈ ਕਿ ਤੁਸੀਂ ਆਪਣੇ ਇਨਵੇਸਟਰਾਂ ਦੀ ਨਿਗਰਾਨੀ ਕਰਨ ਲਈ ਕੋਈ ਅਰਥਪੂਰਨ ਲਗਾਤਾਰ ਖੁਲਾਸਾ ਪ੍ਰਾਪਤ ਨਾ ਕਰੋ।
- ਇੱਕ OM ਪ੍ਰੋਸਪੈਕਟਸ ਵਾਂਗ ਜਾਣਕਾਰੀ ਦਾ ਸਮਾਨ ਪੱਧਰ ਪ੍ਰਦਾਨ ਨਹੀਂ ਕਰਦਾ

ਇਕ ਛੁੱਟ ਤਹਿਤ ਸਿਕਯੂਰਿਟੀਜ਼ ਵੇਚ ਰਹੀਆਂ ਪ੍ਰਾਈਵੇਟ ਕੰਪਨੀਆਂ ਨੂੰ ਨਿਯੰਤ੍ਰਤ ਸਟਾੱਕ ਐਕਸਚੇਂਜ ਤੇ ਵਪਾਰ ਕਰ ਰਹੀਆਂ ਪਬਲਿਕ ਕੰਪਨੀਆਂ ਵਾਂਗ ਇਨਵੇਸਟਰਾਂ ਨੂੰ ਲਗਾਤਾਰ ਖੁਲਾਸੇ ਦਾ ਸਮਾਨ ਪੱਧਰ ਪ੍ਰਦਾਨ ਕਰਨ ਦੀ ਲੋੜ ਨਹੀਂ ਹੁੰਦੀ।

ਇਨਵੇਸਟਮੇਂਟ ਬਾਰੇ ਲਿਖਤ ਵਿੱਚ ਜਾਣਕਾਰੀ ਪ੍ਰਾਪਤ ਕਰੋ। ਦਸਤਾਵੇਜ਼ੀ ਸਬੂਤ ਪੜ੍ਹੋ, ਜੋਖਮ ਸਮਝੋ ਅਤੇ ਇਨਵੇਸਟਮੇਂਟ ਕਰਨ ਤੋਂ ਪਹਿਲਾਂ ਆਪਣੀ ਮੁਨਾਸਬ ਸੋਝੀ ਤੋਂ ਕੰਮ ਲਓ। ਕਿਸੇ ਰਾਹੀਂ ਤੁਹਾਨੂੰ ਇਹ ਦੱਸਣਾ ਕਿ ਕੰਪਨੀ ਦੀਆਂ ਸਿਕਯੂਰਿਟੀਜ਼ ਦਾ ਮੁੱਲ ਵੱਧ ਜਾਵੇਗਾ, ਗੈਰ-ਕਨੂੰਨੀ ਹੈ।

ਇਸ ਤੋਂ ਇਲਾਵਾ, ਉਨ੍ਹਾਂ ਲੋਕਾਂ ਤੋਂ ਸਾਵਧਾਨ ਰਹੋ ਜੋ ਕਹਿੰਦੇ ਹਨ ਕਿ ਤੁਸੀਂ ਆਪਣਾ ਪੈਸਾ ਵਾਪਸ ਪ੍ਰਾਪਤ ਕਰ ਲਓਗੇ। ਜਦੋਂ ਤੱਕ ਇਹ ਸਿਕਯੂਰੀਟੀ ਦੀਆਂ ਲਿਖਤ ਸ਼ਰਤਾਂ ਦਾ ਹਿੱਸਾ ਨਹੀਂ ਹੁੰਦਾ ਜਾਂ ਤੁਸੀਂ ਸਾਬਤ ਨਹੀਂ ਕਰ ਸਕਦੇ ਕਿ ਤੁਹਾਡੇ ਕੋਲ ਇਕ ਮੌਖਿਕ ਸਮਝੌਤਾ ਹੈ, ਕਿਸੇ ਵੀ ਵਿਅਕਤੀ ਉੱਤੇ ਤੁਹਾਨੂੰ ਰੀਫੰਡ ਕਰਨ ਜਾਂ ਤੁਹਾਡੇ ਇਨਵੇਸਟਮੇਂਟ ਮੁੜ ਖਰੀਦਣ ਲਈ ਕੋਈ ਬੰਦਸ਼ ਨਹੀਂ ਹੁੰਦੀ।

ਪ੍ਰਾਈਵੇਟ ਕੰਪਨੀਆਂ ਆਪਣੇ ਸ਼ੇਅਰ ਪ੍ਰਤੱਖ ਤੌਰ ਤੇ ਇਨਵੇਸਟਰਾਂ ਨੂੰ ਵੇਚ ਸਕਦੀਆਂ ਹਨ।

ਬਹੁਤ ਸਾਰੀਆਂ ਪ੍ਰਾਈਵੇਟ ਕੰਪਨੀਆਂ ਇਨਵੇਸਟਰਾਂ ਨੂੰ ਪ੍ਰਤੱਖ ਤੌਰ ਤੇ ਸ਼ੇਅਰ ਵੇਚਣ ਰਾਹੀਂ ਪੈਸੇ ਉਧਾਰ ਚੁੱਕਦੀਆਂ ਹਨ। ਇਨਵੇਸਟਰਾਂ ਨੂੰ ਪ੍ਰਤੱਖ ਤੌਰ ਤੇ ਵੇਚ ਰਹੀਆਂ ਪ੍ਰਾਈਵੇਟ ਕੰਪਨੀਆਂ ਨੂੰ ਕੰਪਨੀ ਜਾਂ ਇਸਦੇ ਪ੍ਰਬੰਧਨ ਦੀ ਪੜਤਾਲ ਕਰਨ ਲਈ ਅੰਡਰਰਾਇਟਰ ਵਰਤਣ ਦੀ ਲੋੜ ਨਹੀਂ ਹੁੰਦੀ। ਰਜਿਸਟਰਡ

ਅੰਡਰਰਾਈਟਰ ਕੰਪਨੀ ਦੇ ਸੰਚਾਲਨਾਂ, ਵਿੱਤੀ ਸਥਿਤੀ ਅਤੇ ਪ੍ਰਬੰਧਨ ਦੇ ਪਿਛੋਕੜ ਵਿੱਚ ਵੇਰਵੇ ਸਹਿਤ ਪੜਤਾਲਾਂ ਕਰਦੇ ਹਨ।

ਸੰਭਾਵੀ ਇਨਵੇਸਟਰਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਕ ਪ੍ਰਾਈਵੇਟ ਕੰਪਨੀ ਵਿੱਚ ਇਨਵੇਸਟਮੇਂਟ ਦੀ ਪੇਸ਼ਕਸ਼ ਕਰ ਰਹੇ ਕਿਸੇ ਵਿਅਕਤੀ ਨੂੰ *ਐਕਟ* ਤੋਂ ਛੁੱਟ ਤੇ ਲਾਜ਼ਮੀ ਤੌਰ ਤੇ ਭਰੋਸਾ ਕਰਨਾ ਚਾਹੀਦਾ ਹੈ, ਜਾਂ ਉਹ ਲਾਜ਼ਮੀ ਤੌਰ ਤੇ ਐਕਟ ਤਹਿਤ ਰਜਿਸਟਰਡ ਹੋਣੇ ਚਾਹੀਦੇ ਹਨ। ਅਣਰਜਿਸਟਰਡ ਵਿਕਰੇਤਾ ਇਕ ਇਨਵੇਸਟਮੇਂਟ ਦੇ ਮੌਕੇ ਬਾਰੇ ਤੁਹਾਨੂੰ ਜਾਣਕਾਰੀ ਪ੍ਰਦਾਨ ਕਰ ਸਕਦੇ ਹਨ, ਪਰ ਇਨਵੇਸਟਮੇਂਟ ਦੀ ਸਿਫਾਰਿਸ਼ ਕਰਨਾ ਉਨ੍ਹਾਂ ਲਈ ਗੈਰ-ਕਨੂੰਨੀ ਹੈ।

ਰਜਿਸਟਰਡ ਵਿਕਰੇਤਾ ਦੀ ਇਹ ਯਕੀਨੀ ਬਣਾਉਣ ਲਈ ਬੰਦਸ਼ ਹੁੰਦੀ ਹੈ ਕਿ ਇਨਵੇਸਟਮੇਂਟ ਤੁਹਾਡੇ ਲਈ ਉਚਿਤ ਹੈ, ਇਹ ਤੁਹਾਡੇ ਇਨਵੇਸਟਮੇਂਟ ਉਦੇਸ਼ ਪੂਰੇ ਕਰਦਾ ਹੈ, ਅਤੇ ਇਹ ਤੁਹਾਡਾ ਜੋਖਮ ਪ੍ਰੋਫਾਇਲ ਪੂਰਾ ਕਰਦਾ ਹੈ।

ਇਕ ਪ੍ਰਾਈਵੇਟ ਕੰਪਨੀ ਦੀਆਂ ਸਿਕਯੂਰਿਟੀਜ਼ ਨੂੰ ਮੁੜ ਵੇਚਣਾ ਔਖਾ ਹੁੰਦਾ ਹੈ।

ਜੇ ਇਕ ਕੰਪਨੀ ਸਿਕਯੂਰਿਟੀਜ਼ ਵੇਚਣ ਲਈ ਪ੍ਰੋਸਪੈਕਟਸ ਵਰਤਦੀ ਹੈ ਅਤੇ ਸਟਾੱਕ ਐਕਸਚੇਂਜ ਤੇ ਲਿਸਟਿੰਗ ਪ੍ਰਾਪਤ ਕਰਦੀ ਹੈ, ਖਰੀਦਾਰ ਤੁਰੰਤ ਸਿਕਯੂਰਿਟੀਜ਼ ਨੂੰ ਮੁੜ ਵੇਚਣ ਯੋਗ ਹੋਵੇਗਾ। ਪ੍ਰਾਈਵੇਟ ਕੰਪਨੀਆਂ ਇਕ ਛੁੱਟ ਦੇ ਤਹਿਤ ਸਿਕਯੂਰਿਟੀਜ਼ ਵੇਚਦੀਆਂ ਹਨ। ਇਹ ਸਿਕਯੂਰਿਟੀਜ਼ ਸਟਾੱਕ ਐਕਸਚੇਂਜ ਤੇ ਸੂਚੀਬੱਧ ਨਹੀਂ ਹੁੰਦੀਆਂ, ਅਤੇ ਇਨ੍ਹਾਂ ਤੇ ਮੁੜ ਵੇਚਣ ਦੀਆਂ ਪਾਬੰਦੀਆਂ ਵਿਸ਼ੇਸ਼ ਤੌਰ ਤੇ ਲਾਗੂ ਹੁੰਦੀਆਂ ਹਨ। ਇਕ ਪ੍ਰਾਈਵੇਟ ਕੰਪਨੀ ਦੀਆਂ ਸਿਕਯੂਰਿਟੀਜ਼ ਨੂੰ ਮੁੜ ਵੇਚਣਾ ਬਹੁਤ ਔਖਾ ਹੋਵੇਗਾ।

ਇਕ ਪ੍ਰਾਈਵੇਟ ਕੰਪਨੀ ਵਿੱਚ ਇਨਵੇਸਟਮੇਂਟ ਕਰਨ ਤੋਂ ਪਹਿਲਾਂ ਇਹ ਕਦਮ ਪੁੱਟੋ:

- ਇਨਵੇਸਟਮੇਂਟ ਕਰਨ ਲਈ ਇਨਵੈਸਟਾਇਟ ਗਾਇਡ ਪੜ੍ਹੋ, ਪੰਜਵਾਂ ਅਧਿਆਇ, ਪ੍ਰਾਈਵੇਟ ਕੰਪਨੀਆਂ ਵਿੱਚ ਇਨਵੇਸਟਮੇਂਟ ਕਰਨਾ ਅਤੇ ਪ੍ਰਾਈਵੇਟ ਕੰਪਨੀ ਵਿੱਚ ਇਨਵੇਸਟਮੇਂਟ ਕਰਨ ਲਈ ਵਰਕਸ਼ੀਟ ਭਰੋ।
- ਇਨਵੇਸਟਮੇਂਟ ਵੇਚ ਰਹੇ ਲੋਕਾਂ ਅਤੇ ਕੰਪਨੀ ਦੇ ਨਿਦੇਸ਼ਕਾਂ ਅਤੇ ਅਫ਼ਸਰਾਂ ਦੀ ਪੜਤਾਲ ਕਰੋ। ਇੱਕ ਪਿਛੋਕੜ ਜਾਂਚ ਕਿਵੇ ਕੀਤੀ ਜਾਵੇ ਤੇ ਸਾਡਾ ਸੈਕਸ਼ਨ ਪੜ੍ਹੋ।
- ਪਿਛੋਕੜ ਅਤੇ ਕੰਪਨੀ ਦੀ ਜਾਣਕਾਰੀ ਲਈ ਇੰਟਰਨੈਟ ਤੇ ਖੋਜ ਕਰੋ - ਇਕ ਸਰਲ ਗੂਗਲ ਖੋਜ ਜ਼ਰੂਰੀ ਜਾਣਕਾਰੀ ਵਿੱਚ ਤਬਦੀਲ ਹੋ ਸਕਦਾ ਹੈ ਜੋ ਤੁਹਾਨੂੰ ਆਪਣਾ ਨਿਰਣਾ ਲੈਣ ਵਿੱਚ ਮਦਦ ਕਰੇਗੀ।

- ਇਨਵੇਸਟਮੇਂਟ ਅਤੇ ਇਸਨੂੰ ਵੇਚ ਰਹੀ ਕੰਪਨੀ ਉੱਤੇ ਤੁਸੀਂ ਜਿਨ੍ਹੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ, ਕਰੋ। ਫਾਈਨੈਂਸ਼ਲ ਸਟੇਟਮੇਂਟਸ ਮੰਗੋ ਜਾਂ ਪੁੱਛੋ ਕਿ ਉੱਥੇ ਇੱਕ OM ਹੈ। ਕੰਪਨੀ ਦੀ ਵੈਬਸਾਇਟ ਵੇਖੋ, ਅਤੇ ਕੰਪਨੀ ਜਾਂ ਇਸਦੀ ਪ੍ਰਬੰਧਨ ਟੀਮ ਬਾਰੇ media coverage (ਇਸਨੂੰ ਮੀਡੀਆ ਰਾਹੀਂ ਕਵਰ ਕਰਨ) ਦੀ ਭਾਲ ਕਰੋ।
- ਯਕੀਨੀ ਬਣਾਓ ਕਿ ਤੁਸੀਂ ਇਨਵੇਸਟਮੇਂਟ ਅਤੇ ਵਪਾਰ ਦੇ ਜੋਖਮ ਸਮਝਦੇ ਹੋ।
- ਇਸ ਤੋਂ ਪਹਿਲਾਂ ਕਿ ਤੁਸੀਂ ਖਰੀਦੋ, ਕੰਪਨੀ, ਆਪਣੇ ਕਨੂੰਨੀ ਵਕੀਲ ਜਾਂ ਆਪਣੇ ਵਿੱਤੀ ਸਲਾਹਕਾਰ ਨਾਲ ਮੁੜ ਵੇਚਣ ਦੀਆਂ ਪਾਬੰਦੀਆਂ ਬਾਰੇ ਗੱਲ ਕਰੋ, ਅਤੇ ਪੁੱਛੋ ਕਿ ਕੰਪਨੀ ਭਵਿੱਖ ਵਿੱਚ ਤੁਹਾਨੂੰ ਕਿਸ ਕਿਸਮ ਦੀ ਜਾਣਕਾਰੀ ਪ੍ਰਦਾਨ ਕਰੇਗੀ।

ਇਸ ਬਾਰੇ ਵੱਧ ਜਾਣਕਾਰੀ ਕਿ ਇੱਕ ਵਿੱਤੀ ਸਲਾਹਕਾਰ ਦੀ ਚੋਣ ਕਿਵੇਂ ਕਰਨੀ ਹੈ www.InvestRight.org ਤੇ ਉਪਲਬਧ ਹੈ।

ਇਕ ਇਨਵੇਸਟਮੇਂਟ ਧੋਖੇਬਾਜ਼ੀ ਦੇ ਰੈਡ ਫਲੈਗਜ਼ (ਲਾਲ ਝੰਡੇ) ਦੀ ਪਛਾਣ ਕਰਨਾ ਸਿੱਖੋ ਜਿਵੇਂ ਕਿ:

- ਗਰੰਟੀਸ਼ੁਦਾ ਵੱਧ ਰਿਟਰਨ - ਕੋਈ ਜੋਖਮ ਨਹੀਂ! ਅਜਿਹੀ ਕੋਈ ਚੀਜ਼ ਨਹੀਂ ਹੁੰਦੀ। ਸੰਭਾਵੀ ਰਿਟਰਨ ਜਿਨ੍ਹੇ ਵੱਧ ਹੁੰਦੇ ਹਨ, ਉਨ੍ਹੇ ਹੀ ਜੋਖਮ ਵੀ ਵੱਧ ਹੁੰਦੇ ਹਨ।
- ਅੰਦਰੂਣੀ ਨੁਸਖੇ - ਹੁਣੇ ਪਤਾ ਲਗਾਓ! ਧੋਖੇਬਾਜ਼ੀ ਦੇ ਕਲਾਕਾਰ ਇੱਕ ਤੁਰੰਤ ਨਿਰਣਾ ਲੈਣ ਵਾਸਤੇ ਤੁਹਾਡੇ ਉੱਤੇ ਦਬਾਅ ਪਾਉਣ ਲਈ ਇਹ ਦਾਅ-ਪੇਚ ਵਰਤਦੇ ਹਨ।
- ਸਮੁੰਦਰ ਤੋਂ ਪਾਰ ਟੈਕਸ-ਮੁਕਤ ਇਨਵੇਸਟਮੇਂਟ! ਜੇ ਤੁਹਾਡਾ ਪੈਸਾ ਦੂਜੇ ਦੇਸ਼ ਜਾ ਰਿਹਾ ਹੈ, ਇਸਨੂੰ ਵਾਪਸ ਪ੍ਰਾਪਤ ਕਰਨਾ ਹੋਰ ਔਖਾ ਹੋਵੇਗਾ।
- ਵਿਸ਼ੇਸ਼ੱਗਾਂ ਵਾਂਗ ਲਾਭ! ਨਿਵੇਕਲੇ ਮੌਕਿਆਂ ਤੋਂ ਸਾਵਧਾਨ ਰਹੋ ਜੋ ਸਿਰਫ਼ ਅਮੀਰ ਲੋਕਾਂ ਲਈ ਉਪਲਬਧ ਹਨ।
- ਵਧੀਆ ਇਨਵੇਸਟਮੇਂਟ ਮੌਕਾ - ਤੁਹਾਡੇ ਦੋਸਤ ਜਾਂ ਪਰਿਵਾਰ ਗਲਤ ਨਹੀਂ ਹੋ ਸਕਦੇ! ਇਹ ਧੋਖੇਬਾਜ਼ੀ ਪਰਿਵਾਰ, ਦੋਸਤਾਂ ਜਾਂ ਸਮੂਹ ਨੇਤਾਵਾਂ ਦੇ ਤੁਹਾਡੇ ਭਰੋਸੇ ਉੱਥੇ ਸ਼ਿਕਾਰ ਕਰਦੀ ਹੈ।

ਜੇ ਤੁਹਾਨੂੰ ਸ਼ੱਕ ਹਨ, ਇਨਵੇਸਟਮੇਂਟ ਨਾ ਕਰੋ। ਜੇ ਤੁਸੀਂ ਦਬਾਅ ਵਿੱਚ ਮਹਿਸੂਸ ਕਰਦੇ ਹੋ ਜਾਂ ਇਨਵੇਸਟਮੇਂਟ ਬਾਰੇ ਸ਼ੰਕਾਵਾਦੀ ਹੋ, ਇਸ ਤੋਂ ਦੂਰ ਰਹੋ ਅਤੇ ਇਸ ਦੀ ਸ਼ਿਕਾਇਤ ਕਰੋ।

ਤੁਸੀਂ ਹੇਠਾਂ ਸੂਚੀਬੱਧ ਨੰਬਰਾਂ ਤੇ ਸਾਡੇ ਜਾਂਚ-ਪੜਤਾਲ ਸਮੂਹ ਨੂੰ ਕਾਲ ਕਰਕੇ ਇਕ ਸੰਭਾਵੀ ਧੋਖੇਬਾਜ਼ੀ ਦੀ

ਸ਼ਿਕਾਇਤ ਕਰ ਸਕਦੇ ਹੋ। ਤੁਸੀਂ ਇਕ ਧੋਖੇਬਾਜ਼ੀ ਦੀ ਗੁਮਨਾਮ ਤਰੀਕੇ ਨਾਲ ਸ਼ਿਕਾਇਤ ਕਰਨ ਲਈ ਇਨਵੈਸਟਰਾਇਟ ਵੈਬਸਾਇਟ ਵੀ ਵਰਤੋਂ ਕਰ ਸਕਦੇ ਹੋ।

ਜੇ ਤੁਹਾਡੇ ਸੁਆਲ ਹਨ, BCSC ਜਾਂਚ-ਪੜਤਾਲ ਸਮੂਹ ਨਾਲ ਸੰਪਰਕ ਕਰੋ